## ਸ਼ਬਦਾਵਲੀ

**Fred Talk** – ਪੜ੍ਹਨ (blending) ਤੋਂ ਪਹਿਲਾਂ ਸ਼ਬਦ ਦਾ ਵੱਖਰੇ ਤੌਰ 'ਤੇ ਧੁਨੀ ਉੱਚਾਰਨ ਕਰਨਾ

**sound-blending** - ਸ਼ਬਦ ਬਣਾਉਣ ਲਈ ਧੁਨੀਆਂ ਨੂੰ ਇਕੱਠਾ ਕਰਨਾ, ਮਿਸਾਲ ਲਈ, c–a–t *cat*

**special friends** - ਇੱਕ ਤੋਂ ਵੱਧ ਅੱਖਰਾਂ ਨਾਲ ਲਿਖੀਆਂ ਧੁਨੀਆਂ, ਮਿਸਾਲ ਲਈ, **sh**, **ng**, **qu**, **ch**

**Speed Sounds** – ਵੱਖੋ-ਵੱਖਰੀਆਂ ਧੁਨੀਆਂ ਜੋ ਸ਼ਬਦ ਬਣਾਉਂਦੀਆਂ ਹਨ



ਆਪਣੇ ਬੱਚੇ ਲਈ ਭਾਵਨਾ ਸਹਿਤ ਕਹਾਣੀਆਂ ਪੜ੍ਹੋ! ਜਿੰਨਾ ਜ਼ਿਆਦਾ ਤੁਸੀ ਕਹਾਣੀ ਨੂੰ ਪਿਆਰ ਕਰਦੇ ਹੋ, ਓਨਾ ਹੀ ਤੁਹਾਡਾ ਬੱਚਾ ਪੜ੍ਹਨਾ ਪਸੰਦ ਕਰੇਗਾ।

ਪੁਸਤਿਕਾ 1 ਤੁਹਾਨੂੰ ਦੱਸਦੀ ਹੈ ਕਿ ਤੁਹਾਡੇ ਬੱਚੇ ਦੀ ਕਿਵੇਂ ਮਦਦ ਕਰਨੀ ਹੈ:

- Set 1 Speed Sounds ਪੜ੍ਹੋ
- ਧੁਨੀਆਂ ਨੂੰ ਸ਼ਬਦਾਂ ਵਿੱਚ ਮਿਲਾਓ
- Blending Books (ਮੇਲ ਕਰਨ ਵਾਲੀਆਂ ਕਿਤਾਬਾਂ) ਪੜ੍ਹੋ
- ਲਾਲ, ਹਰੇ ਅਤੇ ਜਾਮਨੀ ਰੰਗ ਵਾਲੀਆਂ Storybooks ਪੜ੍ਹੋ

https://www.ruthmiskin.com/en/find-out-more/parents/ 'ਤੇ ਤੁਹਾਡੇ ਬੱਚੇ ਦੀ ਮਦਦ ਕਰਨ ਲਈ ਬਹੁਤ ਸਾਰੇ ਵੀਡੀਓ ਹਨ।

*Read write Inc.* ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਬੱਚੇ ਦੇ ਸਕੂਲ ਵਿੱਚ *Read Write Inc.* ਮੈਨੇਜਰ ਨਾਲ ਗੱਲ ਕਰੋ ਜਾਂ www.readwriteinc.com 'ਤੇ ਜਾਓ।

OXFORD UNIVERSITY PRESS

web www.oxfordprimary.co.uk
email primary.enquiries@oup.com
tel. +44 (0) 1536 452610

www.oup.com

Read Write Inc. Phonics

# ਘਰ ਵਿੱਚ ਪੜ੍ਹਨਾ

## ਪੁਸਤਿਕਾ 1

ਤੁਹਾਡਾ ਬੱਚਾ *ਰੀਡ ਰਾਈਟ ਇੰਕ ਫੋਨਿਕਸ* ਨਾਲ ਪੜ੍ਹਨਾ ਸਿੱਖ ਰਿਹਾ ਹੈ, ਜੋ ਇੱਕ ਬਹੁਤ ਹੀ ਪਰ੍ਸਿੱਧ ਅਤੇ ਸਫਲ ਸਾਖਰਤਾ ਪਰੋ੍ਗਰਾਮ ਹੈ। ਇਹ **ਪਹਿਲੀ ਪੁਸਤਿਕਾ** ਤੁਹਾਨੂੰ ਦਿਖਾਉਂਦੀ ਹੈ ਕਿ ਤੁਸੀ ਆਪਣੇ ਬੱਚੇ ਤੋਂ ਤੁਰੰਤ ਸ਼ੁਰੂਆਤ ਕਿਵੇਂ ਕਰਵਾ ਸਕਦੇ ਹੋ।

ਤੁਹਾਡਾ ਬੱਚਾ ਬਹੁਤ ਹੀ ਸਰਲ ਤਰੀਕੇ ਨਾਲ ਪੜ੍ਹਨਾ ਸਿੱਖੇਗਾ। ਉਹ ਇਹ ਸਿੱਖੇਗਾ ਜਾਂ ਸਿੱਖੇਗੀ:

1. **ਅੱਖਰਾਂ** ਨੂੰ ਉਨਹ੍ਹਾਂ ਦੀਆਂ 'ਧੁਨੀਆਂ' ਰਾਹੀ ਪੜ੍ਹਨਾ
2. ਇਹਨਾਂ ਧੁਨੀਆਂ ਨੂੰ **ਸ਼ਬਦਾਂ** ਵਿੱਚ ਮਿਲਾਉਣਾ
3. ਇੱਕ **ਕਹਾਣੀ** ਵਿੱਚ ਸ਼ਬਦਾਂ ਨੂੰ ਪੜ੍ਹਨਾ।



OXFORD

# ਮੇਰਾ ਬੱਚਾ ਕਿਵੇਂ ਪੜ੍ਹਨਾ ਸਿੱਖੇਗਾ?

ਸਭ ਤੋਂ ਪਹਿਲਾਂ, ਤੁਹਾਡਾ ਬੱਚਾ ਪੜ੍ਹਨਾ ਸਿੱਖੇਗਾ:

- Set 1 Speed Sounds: ਇਹ ਇੱਕ ਅੱਖਰ ਨਾਲ ਲਿਖੀਆਂ ਧੁਨੀਆਂ ਹਨ: **m a s d t i n p g o c k u b f e l h r j v y w z x** ਅਤੇ ਦੋ ਅੱਖਰਾਂ ਨਾਲ ਲਿਖੀਆਂ ਧੁੰਨੀਆਂ ਹਨ (ਤੁਹਾਡਾ ਬੱਚਾ ਇਹਨਾਂ ਨੂੰ 'ਖਾਸ ਦੋਸਤ' ਕਹੇਗਾ): **sh th ch qu ng nk ck**
- sound-blending ਇਹਨਾਂ ਧੁਨੀਆਂ ਦੀ ਸ਼ਮੂਲੀਅਤ ਵਾਲੇ ਸ਼ਬਦ, ਮਿਸਾਲ ਲਈ m–a–t *mat*, c–a–t *cat*, g–o–t *got*, f–i–sh *fish*, s–p–o–t *spot*, b–e–s–t *best*, s–p–l–a–sh *splash*
- Blending Books ਅਤੇ ਲਾਲ, ਹਰੀਆਂ ਅਤੇ ਜਾਮਨੀ ਰੰਗੀ ਦੀਆਂ ਕਹਾਣੀਆਂ ਦੀਆਂ ਕਿਤਾਬਾਂ।

ਦੂਜਾ, ਉਹ ਪੜ੍ਹਨਾ ਸਿੱਖੇਗਾ ਜਾਂ ਸਿੱਖੇਗੀ:

- Set 2 Speed Sounds: **ay ee igh ow oo oo ar or air ir ou oy**
- ਇਹ ਧੁਨੀਆਂ ਦੀ ਸ਼ਮੂਲੀਅਤ ਵਾਲੇ ਸ਼ਬਦ
- ਗੁਲਾਬੀ, ਸੰਤਰੀ ਅਤੇ ਪੀਲੇ ਰੰਗ ਦੀਆਂ ਕਹਾਣੀਆਂ ਦੀਆਂ ਕਿਤਾਬਾਂ।

ਤੀਜਾ, ਉਹ ਪੜ੍ਹਨਾ ਸਿੱਖੇਗਾ ਜਾਂ ਸਿੱਖੇਗੀ:

- Set 3 Speed Sounds: **ea oi a-e i-e o-e u-e aw are ur er ow ai oa ew ire ear ure**
- ਇਹਨਾਂ ਧੁਨੀਆਂ ਦੀ ਸ਼ਮੂਲੀਅਤ ਵਾਲੇ ਸ਼ਬਦ
- ਨੀਲੀਆਂ ਅਤੇ ਸਲੇਟੀ ਰੰਗੀ ਦੀਆਂ Storybooks ।

ਤੁਹਾਡੇ ਬੱਚੇ ਨੂੰ ਅੱਖਰ ਲਈ ਧੁਨੀ ਸਿਖਾਈ ਜਾਵੇਗੀ ਨਾ ਕਿ ਅੱਖਰ ਦਾ ਨਾਮ, ਇਸ ਤਰਹ੍ਹਾਂ 'mat' ਵਿੱਚ 'em' ਨਹੀਂ ਬਲਕਿ 'm'; ਜਿਵੇਂ 'sun' ਵਿੱਚ 'es' ਨਹੀਂ ਬਲਕਿ 's' ।



## ਆਪਣੇ ਬੱਚੇ ਨੂੰ ਪੜ੍ਹਦੇ ਹੋਏ ਕਿਵੇਂ ਸੁਣਨਾ ਹੈ



- ਇਸ ਤੋਂ ਪਹਿਲਾਂ ਕਿ ਤੁਹਾਡਾ ਬੱਚਾ ਤੁਹਾਨੂੰ ਕਿਤਾਬ ਪੜ੍ਹ ਕੇ ਸੁਣਾਏ, ਕਿਤਾਬ ਨੂੰ ਉੱਚੀ ਆਵਾਜ਼ ਵਿੱਚ ਨਾ ਪੜ੍ਹੋ।
- ਆਪਣੇ ਬੱਚੇ ਨੂੰ ਕਹਾਣੀ ਪੜ੍ਹਨ ਤੋਂ ਪਹਿਲਾਂ ਧੁਨੀਆਂ ਅਤੇ ਸ਼ਬਦਾਂ ਨੂੰ ਪੜ੍ਹਨ ਲਈ ਕਹੋ।
- ਜਦੋਂ ਤੁਹਾਡਾ ਬੱਚਾ ਕਹਾਣੀ ਪੜ੍ਹਦਾ ਹੈ, ਤਾਂ ਉਸ ਨੂੰ ਉਨਹ੍ਹਾਂ ਸ਼ਬਦਾਂ ਲਈ ਵੱਖਰੇ ਤੌਰ 'ਤੇ ਧੁਨੀ ਉਚਾਰਨ ਕਰਨ ਲਈ ਕਹੋ ਜੋ ਉਹ ਖੁਦ-ਬ-ਖੁਦ ਨਹੀ ਪੜ੍ਹ ਸਕਦਾ। ਆਪਣੇ ਬੱਚੇ ਨੂੰ ਬਹੁਤ ਜ਼ਿਆਦਾ ਖੇਚਲ ਨਾ ਕਰਨ ਦਿਓ। ਜਦੋਂ ਤੁਹਾਡਾ ਬੱਚਾ ਸਫਲ ਹੁੰਦਾ ਹੈ ਤਾਂ ਉਸ ਦੀ ਤਾਰੀਫ਼ ਕਰੋ।
- ਕਥਾਨਕ ਨੂੰ ਚਲਦਾ ਰੱਖਣ ਲਈ ਹਰੇਕ ਵਾਕ ਜਾਂ ਪੰਨੇ ਨੂੰ ਮੁੜ ਤੋਂ ਪੜ੍ਹੋ। (ਤੁਹਾਡੇ ਬੱਚੇ ਦੀ ਊਰਜਾ ਕਹਾਣੀ ਦੀ ਬਜਾਏ ਸ਼ਬਦਾਂ ਨੂੰ ਪੜ੍ਹਨ ਵਿੱਚ ਜਾ ਰਹੀ ਹੈ।)
- ਆਪਣੇ ਬੱਚੇ ਨੂੰ ਤਸਵੀਰਾਂ ਦੀ ਵਰਤੋਂ ਕਰਕੇ ਸ਼ਬਦ ਦਾ ਅੰਦਾਜ਼ਾ ਲਗਾਉਣ ਲਈ ਨਾ ਕਹੋ।
- ਇਹ ਸਭ ਠਰੰਮੇ ਅਤੇ ਪਿਆਰ ਨਾਲ ਕਰੋ!

ਸਾਡੇ ਕੋਲ ਸਕੂਲ ਵਿੱਚ ਹਰ ਰੋਜ਼ ਕਹਾਣੀ ਦਾ ਸਮਾਂ ਹੁੰਦਾ ਹੈ ਤਾਂ ਜੋ ਬੱਚਿਆਂ ਵਿੱਚ ਕਹਾਣੀਆਂ ਲਈ ਪਿਆਰ ਪੈਦਾ ਹੋਵੇ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਹਰ ਰਾਤ ਆਪਣੇ ਬੱਚੇ ਨੂੰ ਸੌਣ ਦੇ ਸਮੇਂ ਕਹਾਣੀ ਪੜ੍ਹ ਕੇ ਅਜਿਹਾ ਕਰੋਗੇ। ਸਾਡੇ ਕੋਲ ਤੁਹਾਡੇ ਲਈ ਉਧਾਰ ਲੈਣ ਲਈ ਸਕੂਲ ਵਿੱਚ ਬਹੁਤ ਵਧੀਆ ਕਿਤਾਬਾਂ ਹਨ।

## 3. ਆਪਣੇ ਬੱਚੇ ਦੀ Sound Blending Books ਪੜ੍ਹਨ ਵਿੱਚ ਮਦਦ ਕਰੋ

ਆਪਣੇ ਬੱਚੇ ਨੂੰ ਹਰ ਇੱਕ ਸ਼ਬਦ ਨੂੰ ਧੁਨੀਆਂ ਵਿੱਚ ਪੜ੍ਹਨ ਲਈ ਕਹੋ (Fred Talk) ਅਤੇ ਫਿਰ ਸ਼ਬਦ ਬੋਲਣ ਲਈ ਕਹੋ। ਫਿਰ, ਉਹ ਮੋੜ ਸਕਦਾ ਹੈ ਅਤੇ ਦੇਖ ਸਕਦਾ ਹੈ ਕਿ ਕੀ ਉਹ ਸਹੀ ਹਨ।




## 4. ਆਪਣੇ ਬੱਚੇ ਦੀ Storybooks ਪੜ੍ਹਨ ਵਿੱਚ ਮਦਦ ਕਰੋ


### ਕਾਲੇ ਅਤੇ ਸਫੈਦ ਰੰਗ ਦੀਆਂ Storybooks

ਜਿਵੇਂ ਹੀ ਤੁਹਾਡਾ ਬੱਚਾ *Read Write Inc. Phonics* ਸਟੋਰੀਬੁੱਕ ਪੜ੍ਹਨਾ ਸ਼ੁਰੂ ਕਰਦਾ ਹੈ, ਉਹ ਘਰ ਇੱਕ ਕਾਲੇ ਅਤੇ ਚਿੱਟੇ ਰੰਗ ਵਾਲੀ ਕਹਾਣੀਆਂ ਦੀ ਕਿਤਾਬ ਲਿਆਏਗਾ। ਇਹ ਉਸ ਰੰਗਦਾਰ ਸੰਸਕਰਣ ਦੀ ਇੱਕ ਕਾਪੀ ਹੈ ਜਿਸ ਨੂੰ ਉਸਨੇ ਸਕੂਲ ਵਿੱਚ ਪੜ੍ਹਿਆ ਹੋਵੇਗਾ।




ਤੁਹਾਡੇ ਬੱਚੇ ਨੇ ਇਹ ਕਹਾਣੀ ਆਪਣੇ ਰੀਡਿੰਗ ਟੀਚਰ ਨਾਲ ਤਿੰਨ ਵਾਰ ਪੜ੍ਹੀ ਹੋਵੇਗੀ, ਇਸ ਲਈ ਉਸਨੂੰ ਆਤਮ-ਵਿਸ਼ਵਾਸ ਨਾਲ ਕਹਾਣੀ ਪੜ੍ਹਨ ਦੇ ਸਮਰੱਥ ਹੋਣਾ ਚਾਹੀਦਾ ਹੈ।

ਕਿਤਾਬਾਂ ਵਿੱਚ ਇਸ ਬਾਰੇ ਸੰਖੇਪ ਵਿਆਖਿਆ ਸ਼ਾਮਲ ਹੈ ਕਿ ਗਤੀਵਿਧੀਆਂ ਦੀ ਪਾਲਣਾ ਕਿਵੇਂ ਕਰਨੀ ਹੈ ।




### Book Bag Books

ਤੁਹਾਡਾ ਬੱਚਾ ਘਰ ਇੱਕ ਬੁੱਕ ਬੈਗ ਬੁੱਕ ਵੀ ਲਿਆ ਸਕਦਾ ਹੈ। ਇਹ ਕਿਤਾਬ ਕਹਾਣੀਆਂ ਦੀ ਕਿਤਾਬ ਦੇ ਉਹਨਾਂ ਵਿਚਾਰਾਂ ਅਤੇ ਅਨੇਕਾਂ ਸ਼ਬਦਾਂ ਨਾਲ ਬਣੀ ਹੁੰਦੀ ਹੈ ਜੋ ਉਸਨੇ ਹੁਣੇ ਪੜ੍ਹੀ ਹੈ। ਤੁਹਾਡੇ ਬੱਚੇ ਨੂੰ ਇਸ ਕਿਤਾਬ ਨੂੰ ਪੜ੍ਹਨ ਵਿੱਚ ਜ਼ਿਆਦਾ ਸਹਾਇਤਾ ਦੀ ਲੋੜ ਹੋਵੇਗੀ।

ਇੱਕ ਵਾਰ ਫੇਰ ਤੋਂ, ਕਿਤਾਬਾਂ ਵਿੱਚ ਗਤੀਵਿਧੀਆਂ ਦੀ ਵਰਤੋਂ ਕਰਨ ਬਾਰੇ ਵਿਆਖਿਆਵਾਂ ਸ਼ਾਮਲ ਕੀਤੀਆਂ ਗਈਆਂ ਹਨ।



## 1. Set 1 Speed Sounds ਪੜ੍ਹਨ ਵਿੱਚ ਆਪਣੇ ਬੱਚੇ ਦੀ ਮਦਦ ਕਰੋ


ਇਸ ਤੋਂ ਪਹਿਲਾਂ ਕਿ ਤੁਸੀ ਸ਼ੁਰੂਆਤ ਕਰੋ, ਧੁਨੀਆਂ ਦੇ ਸਪਸ਼ਟ ਉੱਚਾਰਨ ਦਾ ਅਭਿਆਸ ਕਰਨ ਲਈ https://www.ruthmiskin.com/en/find-out-more/parents/'ਤੇ ਜਾਓ ਜਿੰਨਾ ਸਪਸ਼ਟ ਤੌਰ 'ਤੇ *ਤੁਸੀਂ* ਧੁਨੀਆਂ ਦਾ ਉੱਚਾਰਨ ਕਰੋਗੇ, ਤੁਹਾਡਾ ਬੱਚਾ ਓਨੀ ਹੀ ਤੇਜ਼ੀ ਨਾਲ ਉਹਨਾਂ ਨੂੰ ਸਿੱਖੇਗਾ।


**ਮਹੱਤਵਪੂਰਨ:** ਅਸੀ ਧੁਨੀਆਂ ਨੂੰ ਸਿਖਾਉਂਦੇ ਸਮੇਂ '*mmmm*' ਕਹਿੰਦੇ ਹਾਂ 'muh' ਨਹੀ ਅਤੇ '*lllll (ਕਹਿੰਦੇ ਹਾਂ)*' 'luh' ਨਹੀ ਕਹਿੰਦੇ। ਇਹ ਅਸਲ ਵਿੱਚ ਬੱਚਿਆਂ ਦੀ ਉਸ ਸਮੇਂ ਮਦਦ ਕਰਦੀ ਹੈ ਜਦੋਂ ਉਹ ਸ਼ਬਦਾਂ ਨੂੰ ਪੜ੍ਹਨ ਲਈ ਧੁਨੀਆਂ ਨੂੰ ਮਿਲਾਉਣਾ ਸਿੱਖਦੇ ਹਨ।


ਤੁਹਾਡਾ ਬੱਚਾ Set 1 Speed Sounds ਕਾਰਡ ਜਾਂ *My Set 1 Speed Sounds Book* ਘਰ ਲਿਆਏਗਾ।

ਤੁਸੀ ਦੇਖੋਗੇ ਕਿ ਹਰ ਧੁਨੀ ਤਸਵੀਰ ਦੀ ਸ਼ਕਲ ਵਿੱਚ ਬਣਾਈ ਗਈ ਹੈ। ਮਿਸਾਲ ਲਈ,:

- 's' snake ਦੀ ਸ਼ਕਲ ਵਿੱਚ ਹੈ
- 'd' ਇੱਕ dinosaur ਦੀ ਸ਼ਕਲ ਵਿੱਚ ਹੈ
- 'a' ਇੱਕ apple ਦੀ ਸ਼ਕਲ ਵਿੱਚ ਹੈ
- 'm' ਦੋ mountains ਦੀ ਸ਼ਕਲ ਵਿਚ ਹੈ।






## Set 1 Speed Sounds ਕਾਰਡਾਂ ਦੀ ਵਰਤੋਂ ਕਰਨੀ

ਕਾਰਡਾਂ ਦੇ ਪਿੱਛਲੇ ਪਾਸੇ ਹਰ ਤਸਵੀਰ ਦਾ ਨਾਮ ਲਿਖਿਆ ਹੁੰਦਾ ਹੈ।


1. ਆਪਣੇ ਬੱਚੇ ਨੂੰ ਹਰੇਕ ਕਾਰਡ ਦੇ ਪਿੱਛਲੇ ਪਾਸੇ ਵਾਲੀ ਤਸਵੀਰ ਦਾ ਨਾਮ ਕਹਿਣ ਲਈ ਕਹੋ, ਮਿਸਾਲ ਲਈ, a-a-a-apple, sssnake, ਹਰ ਵਾਰ ਤੇਜ਼ੀ ਨਾਲ ਕਰੋ।
2. ਆਪਣੇ ਬੱਚੇ ਦੀ ਹਰ ਤਸਵੀਰ ਦੇ ਪਿੱਛੇ ਛੁਪੀ ਹੋਈ ਧੁਨੀ ਉੱਚਾਰਨ ਵਿੱਚ ਮਦਦ ਕਰੋ, ਮਿਸਾਲ ਲਈ snake ਦੇ ਪਿੱਛੇ 's' ਹੈ। ਉਦੋਂ ਤੱਕ ਦੁਹਰਾਓ ਜਦੋਂ ਤੱਕ ਤੁਹਾਡਾ ਬੱਚਾ ਇਹ ਜਲਦੀ ਨਹੀਂ ਕਰ ਸਕਦਾ।
3. ਹਰ ਵਾਰ ਤੇਜੀ ਨਾਲ ਕਰਦੇ ਹੋਏ, ਅੱਖਰ ਵਾਲੇ ਪਾਸੇ ਦੀਆਂ ਧੁਨੀਆਂ ਦਾ ਉੱਚਾਰਨ ਵਿੱਚ ਆਪਣੇ ਬੱਚੇ ਦੀ ਮਦਦ ਕਰੋ। ਜੇ ਉਹ ਭੁੱਲ ਜਾਂਦਾ ਹੈ, ਤਾਂ ਤਸਵੀਰ ਵਾਲੇ ਪਾਸੇ ਵੱਲ ਮੁੜੋ। ਜਦੋਂ ਤੁਹਾਡਾ ਬੱਚਾ ਦੇਖਣ ਲਈ ਪਰਤਾਏ ਬਗੈਰ ਧੁਨੀਆਂ ਦਾ ਉੱਚਾਰਨ ਕਰ ਸਕਦਾ ਹੈ, ਤਾਂ ਰਫ਼ਤਾਰ ਵਧਾਓ!



ਕਲਾਸਰੂਮ ਵਿੱਚ ਸਪੀਡ ਸਾਊਂਡਜ਼ ਨੂੰ ਸਿੱਖਣਾ।

## My Set 1 Speed Sounds Book ਦੀ ਵਰਤੋਂ ਕਰਨੀ

ਆਪਣੇ ਬੱਚੇ ਨੂੰ ਕਿਤਾਬ ਨੂੰ ਤੇਜ਼ੀ ਨਾਲ ਦੇਖਣ ਲਈ ਕਹੋ ਅਤੇ ਜਿੰਨੀ ਜਲਦੀ ਹੋ ਸਕੇ ਧੁਨੀਆਂ ਦਾ ਉੱਚਾਰਨ ਕਰਨ ਲਈ ਕਹੋ। ਜੇਕਰ ਤੁਹਾਡਾ ਬੱਚਾ ਧੁਨੀ ਪੜ੍ਹਨ ਤੋਂ ਝਿਜਕਦਾ ਹੈ, ਤਾਂ ਯਾਦ ਦੁਆਉਣ ਵੱਜੋਂ 'ਤਸਵੀਰ-ਧੁਨੀ' ਪਿਛਲੇ ਪਾਸੇ ਹੁੰਦੀ ਹੈ। ਤੁਹਾਡਾ ਬੱਚਾ ਉਸੇ ਪੰਨੇ 'ਤੇ ਧੁਨੀ ਲਿਖਣ ਦਾ ਅਭਿਆਸ ਵੀ ਕਰ ਸਕਦਾ ਹੈ।




*My Set 1 Speed Sounds Book* ਵਿੱਚ ਆਵਾਜ਼ਾਂ ਨੂੰ ਪੜ੍ਹਨ ਅਤੇ ਲਿਖਣ ਦਾ ਅਭਿਆਸ ਕਰੋ।



## *2. ਆਪਣੇ ਬੱਚੇ ਦੀ ਸ਼ਬਦ ਪੜ੍ਹਨ ਵਿੱਚ ਮਦਦ ਕਰੋ*

ਇੱਕ ਵਾਰ ਜਦੋਂ ਤੁਹਾਡਾ ਬੱਚਾ ਆਤਮ-ਵਿਸ਼ਵਾਸ ਨਾਲ Set 1 Speed Sounds ਪੜ੍ਹ ਸਕਦਾ ਹੈ, ਤਾਂ ਉਹ ਸ਼ਬਦਾਂ ਨੂੰ ਪੜ੍ਹਨਾ ਸਿੱਖ ਸਕਦਾ ਹੈ। ਸਭ ਤੋਂ ਪਹਿਲਾਂ, ਤੁਹਾਡੇ ਬੱਚੇ ਦੀ Fred ਨਾਮਕ ਇੱਕ ਖਿਡੌਣੇ ਡੱਡੂ ਨਾਲ ਜਾਣ-ਪਛਾਣ ਕਰਵਾਈ ਜਾਂਦੀ ਹੈ। Fred ਸ਼ਬਦ ਵਿੱਚ *ਸਿਰਫ* ਧੁਨੀਆਂ ਦਾ ਉੱਚਾਰਨ ਕਰ ਸਕਦਾ ਹੈ ਅਤੇ ਸ਼ਬਦ ਪੜ੍ਹਨ ਲਈ ਉਸ ਨੂੰ ਤੁਹਾਡੇ ਬੱਚੇ ਦੀ ਮਦਦ ਦੀ ਲੋੜ ਪੈਂਦੀ ਹੈ। ਇਸ ਲਈ, ਜਦੋਂ ਤੁਸੀ ਆਪਣੇ ਬੱਚੇ ਨੂੰ 'Fred Talk' ਕਹਿੰਦੇ ਸੁਣਦੇ ਹੋ, ਤਾਂ ਤੁਹਾਨੂੰ ਪਤਾ ਹੋਵੇਗੇ ਕਿ ਇਸਦਾ ਮਤਲਬ ਸ਼ਬਦ ਦਾ ਵੱਖਰੇ ਤੌਰ 'ਤੇ ਧੁਨੀ ਉੱਚਾਰਨ ਕਰਨਾ ਹੈ।

ਤੁਸੀ ਇਹਨਾਂ ਕਦਮਾਂ ਨਾਲਆਪਣੇ ਬੱਚੇ ਦੀ ਸ਼ਬਦਾਂ ਨੂੰ ਪੜ੍ਹਨ ਵਿੱਚ ਮਦਦ ਕਰ ਸਕਦੇ ਹੋ:



ਫਰੈਡ ਕਹਿੰਦਾ ਹੈ ਕਿ ਧੁਨੀਆਂ ਅਤੇ ਬੱਚੇ ਸ਼ਬਦ ਨੂੰ ਪੂਰਾ ਕਰਦੇ ਹਨ।

1. ਤਿੰਨ ਕਾਰਡਾਂ ਨਾਲ ਇੱਕ ਸ਼ਬਦ ਬਣਾਓ ਜਿਨਹ੍ਹਾਂ ਨੂੰ ਤੁਹਾਡਾ ਬੱਚਾ ਤੁਰੰਤ ਪੜ੍ਹ ਸਕਦਾ ਹੈ, ਮਿਸਾਲ ਲਈ, c-a-t

   | c | a | t |
   |---|---|---|

   ਧੁਨੀਆਂ ਵੱਲ ਇਸ਼ਾਰਾ ਕਰੋ ਅਤੇ ਕਹੋ, ਅਤੇ ਫਿਰ ਸ਼ਬਦ ਕਹੋ। ਆਪਣੇ ਬੱਚੇ ਨੂੰ ਤੁਹਾਡੀ ਨਕਲ ਕਰਨ ਲਈ ਕਹੋ।

   ਕਾਰਡਾਂ ਨੂੰਅਸਤ-ਵਿਅਸਤ ਕਰ ਦਿਓ। ਆਪਣੇ ਬੱਚੇ ਨੂੰ ਦੁਬਾਰਾ ਸ਼ਬਦ ਬਣਾਉਣ ਲਈ ਕਹੋ, ਅਤੇ ਫਿਰ ਧੁਨੀਆਂ ਵੱਲ ਇਸ਼ਾਰਾ ਕਰੋ ਅਤੇ ਬੋਲੋ।

   3-ਧੁਨੀ ਵਾਲੇ ਹੋਰ ਸ਼ਬਦਾਂ ਨਾਲ ਦੁਹਰਾਓ, ਜਿਸ ਵਿੱਚ ਇੱਕ ਤੋਂ ਵੱਧ ਅੱਖਰਾਂ ਨਾਲ ਬਣੀਆਂ ਕੁਝ ਧੁਨੀਆਂ ਸ਼ਾਮਲ ਹਨ, ਮਿਸਾਲ ਲਈ,। ch–a–t, sh–i–p, th–i–s.

2. ਤਿੰਨ ਕਾਰਡ ਬਾਹਰ ਰੱਖੋ। ਇਸ ਵਾਰ, ਆਪਣੇ ਬੱਚੇ ਨੂੰ ਧੁਨੀਆਂ ਦਾ ਉੱਚਾਰਨ ਲਈ ਕਹੋ।

   ਧੁਨੀਆਂ ਨੂੰ ਸ਼ਬਦਾਂ ਵਿੱਚ ਮਿਲਾਉਣ ਵਿੱਚ ਉਸਦੀ ਉਦੋਂ ਤੱਕ ਮਦਦ ਕਰੋ, ਜਦੋਂ ਤੱਕ ਤੁਹਾਡਾ ਬੱਚਾ ਤੁਹਾਡੀ ਮਦਦ ਤੋਂ ਬਿਨਾਂ ਅਜਿਹਾ ਨਹੀਂ ਕਰ ਸਕਦਾ।

3. ਕੁਝ 4-ਧੁਨੀ ਵਾਲੇ ਸ਼ਬਦਾਂ ਨਾਲ ਦੁਹਰਾਓ, ਮਿਸਾਲ ਲਈ, b–l–i–p, f–r–o–g, g–r–i–n, s–t–o–p, j–u–m–p, h–a–n–d, b– l-a-ck.